# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ


ਨੰ. 38606 / ਸੀ.ਓ.ਈ.

ਮਿਤੀ: 09/01/2026

ਵਾਈਸ ਚਾਂਸਲਰ ਸਾਹਿਬ ਵੱਲੋਂ ਹੋਏ ਆਦੇਸ਼ਾਂ ਅਨੁਸਾਰ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਵਿੱਚ ਚਲਦੇ ਵੱਖ-ਵੱਖ ਕੋਰਸਾਂ ਦੀਆਂ ਡਿਗਰੀਆਂ ਮਈ, 2025 ਤੱਕ ਪੂਰੀਆਂ ਕਰ ਚੁੱਕੇ ਹਨ ਜਾਂ ਪੂਰੀਆਂ ਹੋ ਸਕਦੀਆਂ ਹਨ ਪਰੰਤੂ ਕਾਫੀ ਵਿਦਿਆਰਥੀ ਡਰੱਗ ਐਬਿਊਜ਼ ਜਾਂ ਈ.ਵੀ.ਐਸ. ਦਾ ਕੁਆਲੀਫਾਇੰਗ ਪੇਪਰ ਕਲੀਅਰ ਨਾ ਹੋਣ ਕਾਰਨ ਇਹ ਆਪਣੀਆਂ ਡਿਗਰੀਆਂ ਪ੍ਰਾਪਤ ਨਹੀਂ ਕਰ ਸਕੇ। ਇਨਾਂ ਵਿਦਿਆਰਥੀਆਂ ਨੂੰ ਡਰੱਗ ਐਬਿਊਜ ਜਾਂ ਈ.ਵੀ.ਐਸ. ਦਾ ਪੇਪਰ ਪਾਸ ਕਰਨ ਲਈ ਇੱਕ ਮੌਕਾ ਦਿੱਤਾ ਜਾ ਰਿਹਾ ਹੈ। ਕਿਉਂਕਿ ਇਹ ਦੋਵੇਂ ਪੇਪਰ ਕੁਆਲੀਆਫਾਇੰਗ ਵਿਸ਼ੇ ਹਨ। ਇਸ ਲਈ ਯੂਨੀਵਰਸਿਟੀ ਵੱਲੋਂ ਕੀਤੇ ਫੈਸਲੇ ਅਨੁਸਾਰ ਇਨ੍ਹਾਂ ਵਿਸ਼ਿਆਂ ਦੇ ਰੈਗੂਲਰ ਕਪੈਸਟੀ ਦੇ ਰੀ-ਅਪੀਅਰ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਸਬੰਧਿਤ ਕਾਲਜ/ਵਿਭਾਗ ਵੱਲੋਂ ਆਪਣੇ ਪੱਧਰ ਤੇ ਕੰਡਕਟ ਕਰਵਾਈਆਂ ਜਾਣਗੀਆਂ। ਇਨ੍ਹਾਂ ਪ੍ਰੀਖਿਆਵਾਂ ਲਈ ਯੂਨੀਵਰਸਿਟੀ ਉੱਤਰ-ਕਾਪੀਆਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਇਨ੍ਹਾਂ ਰੀ-ਅਪੀਅਰ ਵਿਦਿਆਰਥੀਆਂ ਨੂੰ ਰੋਲ ਨੰਬਰ ਯੂਨੀਵਰਸਿਟੀ ਵੱਲੋਂ ਜਾਰੀ ਕੀਤਾ ਜਾਵੇਗਾ। ਇਸ ਸਬੰਧੀ ਪ੍ਰੀਖਿਆ ਸ਼ਾਖਾ ਵੱਲੋਂ ਕੋਈ ਡੇਟਸ਼ੀਟ ਜਾਰੀ ਨਹੀਂ ਕੀਤੀ ਜਾਵੇਗੀ।

ਉਪਰੋਕਤ ਤੋਂ ਇਲਾਵਾ ਪ੍ਰਾਈਵੇਟ/ਡਿਸਟੈਂਸ ਐਜੂਕੇਸ਼ਨ ਦੇ ਵੀ ਬਹੁਤ ਸਾਰੇ ਅਜਿਹੇ ਵਿਦਿਆਰਥੀ ਹਨ ਜੋ ਵੱਖ-ਵੱਖ ਕੋਰਸਾਂ ਦੀਆਂ ਡਿਗਰੀਆਂ ਮਈ, 2025 ਤੱਕ ਪੂਰੀ ਕਰ ਚੁੱਕੇ ਹਨ ਪਰੰਤੂ ਕਾਫੀ ਵਿਦਿਆਰਥੀ ਡਰੱਗ ਐਬਿਊਜ਼ ਜਾਂ ਈ.ਵੀ.ਐਸ. ਦਾ ਕੁਆਲੀਫਾਇੰਗ ਪੇਪਰ ਕਲੀਅਰ ਨਾ ਹੋਣ ਕਾਰਨ ਇਹ ਆਪਣੀਆਂ ਡਿਗਰੀਆਂ ਪ੍ਰਾਪਤ ਨਹੀਂ ਕਰ ਸਕੇ। ਇਨ੍ਹਾਂ ਵਿਦਿਆਰਥੀਆਂ ਨੂੰ ਡਰੱਗ ਐਬਿਊਜ਼ ਜਾਂ ਈ.ਵੀ.ਐਸ. ਦਾ ਪੇਪਰ ਪਾਸ ਕਰਨ ਲਈ ਰੋਲ ਨੰਬਰ ਅਤੇ ਡੇਟ-ਸ਼ੀਟ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਜਾਵੇਗੀ। ਜਿਸਦਾ ਪ੍ਰੀਖਿਆ ਸੈਂਟਰ ਪਟਿਆਲਾ-707 (ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ) ਹੋਵੇਗਾ।

ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਵਿਦਿਆਰਥੀਆਂ ਤੋਂ ਉੱਕਾ-ਪੁੱਕਾ ਫੀਸ 5000/- (ਸਮੇਤ 120/- ਪ੍ਰੀਖਿਆ ਫਾਰਮ ਫੀਸ) ਲਈ ਜਾਵੇਗੀ ਅਤੇ ਜਿਹੜੇ ਵਿਦਿਆਰਥੀ ਨੇ ਡਰੱਗ ਐਬਿਊਜ ਅਤੇ ਈ.ਵੀ.ਐਸ. ਦੋਨੋਂ ਪ੍ਰੀਖਿਆਵਾਂ ਦੇ ਪੇਪਰ ਦੇਣੇ ਹਨ, ਉਹ ਵਿਦਿਆਰਥੀ ਅਲੱਗ-ਅਲੱਗ ਪ੍ਰੀਖਿਆ ਫੀਸ ਅਤੇ ਪ੍ਰੀਖਿਆ ਫਾਰਮ ਭਰਨਗੇ।

ਉਪਰੋਕਤ ਪ੍ਰੀਖਿਆ ਲਈ ਫਾਰਮ ਭਰਨ ਦੀ ਆਖਰੀ ਮਿਤੀ 20.01.2026 ਹੋਵੇਗੀ ਅਤੇ ਇਸ ਤੋਂ ਬਾਅਦ ਕੋਈ ਫਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ।

ਕੰਟਰੋਲਰ ਪ੍ਰੀਖਿਆਵਾਂ